**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**

**(ਕਾਰਜ਼ ਸੰਚਾਲਨ)**

**ਨੰ:ਪਸਸਬ-ਸ.ਸ-ਕਸ-2025/**2659
**ਮਿਤੀ:** 24-12-2025

ਵੱਲ:

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ।

**ਦਸਵੀਂ ਅਤੇ ਬਾਰਵੀਂ ਪਰੀਖਿਆਵਾਂ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ ਕੰਪਾਰਟਮੈਂਟ/ ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆਵਾਂ ਦੇ ਸੰਚਾਲਨ ਸਬੰਧੀ।**

........................................................................................................

**ਵਿਸ਼ੇ ਅਧੀਨ ਪ੍ਰਯੋਗੀ ਪਰੀਖਿਆਵਾਂ ਮਿਤੀ 02-02-2026 ਤੋਂ ਮਿਤੀ 12-02-2026 ਤੱਕ ਕਰਵਾਈਆਂ ਜਾ ਰਹੀਆਂ ਹਨ। ਪਰੀਖਿਆਵਾਂ ਦਾ ਸੰਚਾਨਲ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ:-**

**ਦਸਵੀਂ ਸ਼੍ਰੇਣੀ ਲਈ :-**

ਦਸਵੀਂ ਸ਼੍ਰੇਣੀ ਲਈ ਪਰੀਖਿਆ ਸੈਲਫ ਪਰੀਖਿਆ ਕੇਂਦਰਾਂ ਵਿੱਚ ਕਰਵਾਈ ਜਾਣੀ ਹੈ। ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਪਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗੁਰੱਪ ਬਣਾ ਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇਗੀ।

**ਬਾਰ੍ਹਵੀਂ ਸ਼੍ਰੇਣੀ ਲਈ :-**

ੳ). ਬੋਰਡ ਦਫਤਰ ਵੱਲੋਂ ਫਿਜੀਕਸ , ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਟਲਜ਼ ਆਫ ਈ-ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਵੀ ਸਬੰਧਤ ਵਿਦਿਆਰਥੀਆਂ ਦੇ Self ਸੈਂਟਰਾਂ ਵਿੱਚ ਹੀ ਕਰਵਾਈ ਜਾਵੇਗੀ । ਇਹ ਪਰੀਖਿਆ ਐਕਸਟਰਨਲ ਪਰੀਖਿਅਕਾਂ ਵੱਲੋਂ ਕਰਵਾਈ ਜਾਵੇਗੀ। ਇਹਨਾਂ ਵਿਸ਼ਿਆ ਦੇ ਪ੍ਰਸ਼ਨ ਪੱਤਰ ਆਨ ਲਾਈਨ ਵਿਧੀ ਰਾਹੀ ਡੇਟ ਸ਼ੀਟ ਵਿੱਚ ਦਰਜ ਮਿਤੀਆਂ ਅਨੁਸਾਰ ਸਕੂਲ ਲਾਗਇੰਨ ਤੇ ਭੇਜੇ ਜਾਣਗੇ। ਕੇਵਲ ਇਹਨਾਂ ਵਿਸ਼ਿਆਂ ਦੀ ਪਰੀਖਿਆ ਕਰਵਾਉਣ ਲਈ ਉੱਤਰ ਪੱਤਰੀਆਂ ਖੇਤਰੀ ਦਫ਼ਤਰ ਤੋਂ ਪ੍ਰਾਪਤ ਕਰ ਲਈਆਂ ਜਾਣ। ਬਾਕੀ ਰਹਿੰਦੇ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਸਕੂਲ ਪੱਧਰ ਤੇ ਹੀ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈ ਜਾਵੇਗੀ।

**ਨੋਟ:-**

1. ਦਸਵੀਂ ਅਤੇ ਬਾਰਵੀਂ ਪ੍ਰਯੋਗੀ ਪਰੀਖਿਆ ਵਿੱਚ ਤਾਇਨਾਤ ਅਧਿਆਪਕ ਸਬੰਧ ਸਕੂਲ ਦੇ ਮੁੱਖੀ ਨਾਲ ਤਾਲਮੇਲ ਕਰਦੇ ਹੋਏ ਪਰੀਖਿਆਰਥੀਆਂ ਦੀ ਗਿਣਤੀ /ਸੁਵਿੱਧਾ ਅਨੁਸਾਰ ਬੈਚ ਬਣਾ ਕੇ ਪ੍ਰਯੋਗੀ ਪਰੀਖਿਆ ਕਰਵਾਉਣਗੇ ਅਤੇ ਕੇਂਦਰ ਕੰਟਰੋਲਰ ਧਿਆਨ ਰੱਖਣਗੇ ਕਿ ਪ੍ਰਯੋਗੀ ਪਰੀਖਿਆ ਦੇ ਵਿਸ਼ਿਆਂ ਦਾ ਆਪਸੀ ਕਲੈਸ਼ ਨਾ ਹੋਵੇ । ਉਹ ਪਰੀਖਿਆਰਥੀਆਂ ਦੀ ਗਿਣਤੀ ਅਤੇ ਸਕੂਲ ਦੇ ਇਨਫਰਾਸਟਕਚਰ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਤੋਂ ਵੱਧ ਬੈਚ ਬਣਾ ਸਕਦੇ ਹਨ।
2. ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰਯੋਗੀ ਪਰੀਖਿਆਵਾਂ ਸਬੰਧੀ ਹਸਤਾਖਰ ਚਾਰਟ ਦੀ ਕਾਪੀ ਸਕੂਲ ਦੀ ਲਾਗਇੰਨ ਆਈ.ਡੀ ਤੇ ਭੇਜੀ ਜਾ ਰਹੀ ਹੈ।ਜੇਕਰ ਕਿਸੇ ਕਿਸਮ ਦੀ ਕੋਈ ਤਰੁੱਟੀ ਹੋਵੇ ਤਾਂ ਹੇਠਾਂ ਦਰਸਾਏ ਫੋਨ ਨੰਬਰ ਤੇ ਸੰਪਰਕ ਕੀਤਾ ਜਾਵੇ ਤਾਂ ਜੋ ਇਸ ਸਬੰਧੀ ਲੋੜੀਦੇ ਪ੍ਰਬੰਧ ਕੀਤੇ/ਕਰਵਾਏ ਜਾ ਸਕਣ।
3. ਦਫਤਰ ਵੱਲੋ ਪੂਰੀ ਕੋਸ਼ਿਸ ਕੀਤੀ ਗਈ ਹੈ ਕਿ ਪ੍ਰਯੋਗੀ ਪਰੀਖਿਆ ਲਈ ਕੇਂਦਰ ਉਹਨਾਂ ਸਕੂਲਾਂ ਵਿੱਚ ਹੀ ਸਥਾਪਤ ਕੀਤੇ ਜਾਣ, ਜਿਥੇ ਪ੍ਰਯੋਗੀ ਪਰੀਖਿਆ ਲਈ ਯੋਗ ਪ੍ਰਬੰਧ ਹਨ।ਪਰ ਜੇਕਰ ਕਿਸੇ ਪਰੀਖਿਆ ਕੇਂਦਰ ਵਿੱਚ ਕਿਸੇ ਪ੍ਰਕਾਰ ਦੀ ਘਾਟ ਹੋਵੇ ਤਾਂ ਅਜਿਹੀ ਸਥਿਤੀ ਵਿੱਚ ਜਿਲ੍ਹਾ ਸਿੱਖਿਆ ਅਫਸਰ (ਸ.ਸ) ਨਾਲ ਸੰਪਰਕ ਕਰਕੇ ਯੋਗ/ਢੁੱਕਵਾਂ ਪ੍ਰਬੰਧ ਕੀਤਾ ਜਾਵੇ ਤਾਂ ਜੋ ਕੋਈ ਵੀ ਪਰੀਖਿਆਰਥੀ ਆਪਣੇ ਕਿਸੇ ਵੀ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਜਾਵੇ।

Scanned with CamScanner

4. ਪ੍ਰਯੋਗੀ ਪਰੀਖਿਆ ਤੋਂ ਪਹਿਲਾਂ ਸਕੂਲ ਵਿੱਚ ਇੰਟਰਨੈਟ, ਕੰਪਿਊਟਰ ਅਤੇ ਪ੍ਰਿੰਟਰ ਚੈੱਕ ਕਰ ਲਏ ਜਾਣ ਤਾਂ ਜੋ ਪ੍ਰਸ਼ਨ ਪੱਤਰ ਡਾਊਨਲੋਡ/ਪ੍ਰਿੰਟ ਕਰਨ ਵਿੱਚ ਮੁਸ਼ਕਿਲ ਪੇਸ਼ ਨਾ ਆਵੇ। ਸਕੂਲ ਪ੍ਰੋਫਾਈਲ ਤੇ ਮੌਜੂਦਾ ਪ੍ਰਿੰਸੀਪਲ /ਮੁੱਖ ਅਧਿਆਪਕਾਂ ਦਾ ਫੋਨ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

5. ਪ੍ਰਯੋਗੀ ਪਰੀਖਿਆ ਲਈ ਸਥਾਪਿਤ ਸਕੂਲਾਂ / ਪਰੀਖਿਆ ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਪ੍ਰਵਾਨਿਤ ਦਰਾਂ ਅਨੁਸਾਰ ਸਟੇਸ਼ਨਰੀ ਆਦਿ ਖਰਚੇ ਦੀ ਰਾਸ਼ੀ (ਪਰੀਖਿਆਵਾਂ ਖਤਮ ਹੋਣ ਤੋਂ ਬਾਅਦ) ਸਿੱਧੇ ਤੋਰ ਤੇ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਦੇ ਬੈਂਕ ਖਾਤੇ ਵਿੱਚ ਜਾਰੀ ਕੀਤੀ ਜਾਵੇਗੀ।ਇਸ ਸਬੰਧ ਵਿੱਚ ਇੱਕ ਪ੍ਰੋਫਾਰਮਾਂ ਸਕੂਲ ਲਾਗਇੰਨ ਆਈ. ਡੀ ਤੇ ਅਪਲੋਡ ਕੀਤਾ ਜਾਵੇਗਾ। ਪ੍ਰਯੋਗੀ ਪਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਪ੍ਰੋਫਾਰਮੇ ਅਨੁਸਾਰ ਵੇਰਵੇ ਦਰਜ਼ ਕਰਕੇ ਸੂਚਨਾਂ ਬੋਰਡ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਈ ਜਾਵੇ।

6. ਪ੍ਰਯੋਗੀ ਪਰੀਖਿਆ ਲਈ ਜ਼ਾਰੀ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਸਬੰਧਤ ਜਿਲ੍ਹੇ ਦੇ ਖੇਤਰੀ ਦਫ਼ਤਰ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

7. ਬੋਰਡ ਦਫ਼ਤਰ ਵੱਲੋਂ ਫ਼ਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਦੇ ਪ੍ਰਸ਼ਨ ਪੱਤਰ ਡਾਊਨਲੋਡ ਕਰਨ / ਹੋਰ ਫੁਟਕਲ ਖਰਚ ਲਈ ਜਿਨ੍ਹਾਂ ਸਕੂਲਾਂ/ ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ 250 ਜਾਂ ਉਸ ਤੋਂ ਘੱਟ ਹੈ, ਉਨ੍ਹਾਂ ਨੂੰ 300/-ਰੁ. (ਉੱਕਾ ਪੁੱਕਾ) ਅਤੇ ਜਿਨ੍ਹਾਂ ਸਕੂਲਾਂ/ ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ 250 ਤੋਂ ਵੱਧ ਹੈ, ਉਨ੍ਹਾਂ ਨੂੰ 500/-ਰੁ. (ਉੱਕਾ ਪੁੱਕਾ) ਰਾਸ਼ੀ ਜਾਰੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇਹਨਾਂ ਵਿਸ਼ਿਆਂ ਦੇ ਬਾਹਰੀ ਪਰੀਖਿਅਕਾਂ ਨੂੰ ਵੀ 7/-ਰੁਪਏ ਪ੍ਰਤੀ ਪਰੀਖਿਆਰਥੀ ਮਿਹਨਤਾਨੇ ਦੀ ਅਦਾਇਗੀ ਕੀਤੀ ਜਾਵੇਗੀ।

8. ਪ੍ਰਯੋਗੀ ਵਿਸ਼ਿਆਂ ਦੀਆਂ ਉੱਤਰ ਪੱਤਰੀਆਂ ਸਕੂਲ ਮੁੱਖੀ ਆਪਣੀ ਕਸੱਟਡੀ ਵਿੱਚ ਰਿਕਾਰਡ ਹਿੱਤ ਰੱਖਣਗੇ ਤਾਂ ਜੋ ਲੋੜ ਪੈਣ ਤੇ ਕਿਸੇ ਸਮੇਂ ਵੀ ਪੜਤਾਲ ਕੀਤੀ ਜਾ ਸਕੇ।

9. ਪਰੀਖਿਆਰਥੀਆਂ ਦੇ ਵਰਤੇ ਹੋਏ ਹਸਤਾਖਰ ਚਾਰਟ ਮਿਤੀ 16-02-2026 ਤੱਕ ਸਬੰਧਤ ਬੋਰਡ ਦੇ ਖੇਤਰੀ ਦਫ਼ਤਰ ਵਿਖੇ ਜਮ੍ਹਾਂ ਕਰਵਾਏ ਜਾਣ।

10. ਪਰੀਖਿਆ ਸਬੰਧੀ ਸਬੰਧਤ ਜ਼ਿਲ੍ਹਾ ਡੀਲਿੰਗ ਸੀਨੀਅਰ ਸਹਾਇਕਾ ਵੱਲੋਂ ਬਣਾਏ ਵਟਸਐਪ ਗੁਰੱਪ ਤੇ ਲੋੜ ਅਨੁਸਾਰ ਵਧੇਰੇ ਸੂਚਨਾਂ ਸਾਂਝੀ ਕੀਤੀ ਜਾਵੇਗੀ।

**ਜਰੂਰਤ ਪੈਣ ਤੇ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

1. ਉਪ ਸਕੱਤਰ(ਕਾਰਜ ਸੰਚਾਲਨ): 0172-5227324
2. ਸਹਾਇਕ ਸਕੱਤਰ (ਕਾਰਜ ਸੰਚਾਲਨ): 0172-5227334
3. ਸੁਪਰਡੰਟ (CS-2): 0172-5227303 / 94633-89199
4. ਸੁਪਰਡੰਟ (CS-3): 0172-5227340 / 8699520045
5. ਸੁਪਰਡੰਟ (CS-4): 0172-5227339 / 98143-40101
6. Technical Wing: 84279-50212

**ਪ੍ਰਯੋਗੀ ਪਰੀਖਿਆ ਸਬੰਧੀ ਹਸਤਾਖਰ ਚਾਰਟ ,ਰੋਲ ਨੰਬਰ ਅਤੇ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

7. ਸਹਾਇਕ ਸਕੱਤਰ (ਬਾਰ੍ਹਵੀਂ) 0172-5227305,319
8. ਸਹਾਇਕ ਸਕੱਤਰ(ਦਸਵੀਂ) 0172-5227284,290

**ਈ-ਮੇਲ ਆਈ .ਡੀ conductpseb@gmail.com**

23/12/2025

ਸਹਾਇਕ ਸਕੱਤਰ (ਕਾਰਜ਼ ਸੰਚਾਲਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner

**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**

**(ਕਾਰਜ਼ ਸੰਚਾਲਨ)**

**ਨੰ:ਪਸਸਬ-ਸ.ਸ/ਕਸ-2025/**2660

**ਮਿਤੀ:** 24-12-2025

ਵੱਲ:

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ, ਸਿੱ),

ਪੰਜਾਬ ਰਾਜ।

**ਦਸਵੀਂ ਅਤੇ ਬਾਰਵੀਂ ਪਰੀਖਿਆਵਾਂ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ ਕੰਪਾਰਟਮੈਂਟ/ ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆਵਾਂ ਦੇ ਸੰਚਾਲਨ ਸਬੰਧੀ।**

.....................................................................................................................................................

**ਵਿਸ਼ੇ ਅਧੀਨ ਪ੍ਰਯੋਗੀ ਪਰੀਖਿਆਵਾਂ ਮਿਤੀ 02-02-2026 ਤੋਂ ਮਿਤੀ 12-02-2026 ਤੱਕ ਕਰਵਾਈਆਂ ਜਾ ਰਹੀਆਂ ਹਨ। ਪਰੀਖਿਆਵਾਂ ਦਾ ਸੰਚਾਨਲ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ:-**

**<u>ਦਸਵੀਂ ਸ਼੍ਰੇਣੀ ਲਈ</u> :-**

ਦਸਵੀਂ ਸ਼੍ਰੇਣੀ ਲਈ ਪਰੀਖਿਆ ਸੈਲਫ ਪਰੀਖਿਆ ਕੇਂਦਰਾਂ ਵਿੱਚ ਕਰਵਾਈ ਜਾਣੀ ਹੈ। ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਪਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗਰੁੱਪ ਬਣਾ ਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇਗੀ।

**<u>ਬਾਰ੍ਹਵੀਂ ਸ਼੍ਰੇਣੀ ਲਈ</u> :-**

1. ਬੋਰਡ ਦਫਤਰ ਵੱਲੋਂ ਫਿਜੀਕਸ , ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਂਟਲਜ਼ ਆਫ ਈ-ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਵੀ ਸਬੰਧਤ ਵਿਦਿਆਰਥੀਆਂ ਦੇ Self ਸੈਟਰਾਂ ਵਿੱਚ ਹੀ ਕਰਵਾਈ ਜਾਵੇਗੀ । ਇਹ ਪਰੀਖਿਆ ਐਕਸਟਰਨਲ ਪਰੀਖਿਅਕਾਂ ਵੱਲੋਂ ਕਰਵਾਈ ਜਾਵੇਗੀ। ਇਹਨਾਂ ਵਿਸ਼ਿਆ ਦੇ ਪ੍ਰਸ਼ਨ ਪੱਤਰ ਆਨ ਲਾਈਨ ਵਿਧੀ ਰਾਹੀ ਡੇਟ ਸ਼ੀਟ ਵਿੱਚ ਦਰਜ ਮਿਤੀਆਂ ਅਨੁਸਾਰ ਸਕੂਲ ਲਾਗਇੰਨ ਤੇ ਭੇਜੇ ਜਾਣਗੇ। ਕੇਵਲ ਇਹਨਾਂ ਵਿਸ਼ਿਆਂ ਦੀ ਪਰੀਖਿਆ ਕਰਵਾਉਣ ਲਈ ਉੱਤਰ ਪੱਤਰੀਆਂ ਖੇਤਰੀ ਦਫ਼ਤਰ ਤੋਂ ਪ੍ਰਾਪਤ ਕਰ ਲਈਆਂ ਜਾਣ। ਬਾਕੀ ਰਹਿੰਦੇ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਸਕੂਲ ਪੱਧਰ ਤੇ ਹੀ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈ ਜਾਵੇਗੀ।

2. ਫਿਜੀਕਸ, ਕਮਿਸਟਰੀ , ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ , ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪਰੀਖਿਆ ਕਰਵਾਉਣ ਲਈ ਸਬੰਧਤ ਵਿਸ਼ੇ ਦਾ ਲੈਕਚਰਾਰ ਜਾਂ ਸਬੰਧਤ ਵਿਸ਼ੇ ਦਾ ਮਾਸਟਰ ਕਾਡਰ ਦਾ ਅਧਿਆਪਕ ,ਜਿਸਦਾ ਲਗਭਗ 10 ਸਾਲ ਦਾ ਤਜਰਬਾ ਹੋਵੇ, ਲਗਾਇਆ ਜਾਵੇਗਾ । ਐਫੀਲੀਏਟਿਡ ਸਕੂਲਾਂ ਦੇ ਅਧਿਆਪਕਾਂ ਦਾ ਵੀ ਸਟਾਫ ਲਗਾਇਆ ਜਾਵੇਗਾ। ਕਿਸੇ ਜ਼ਿਲੇ ਵਿੱਚ ਸਬੰਧਤ ਵਿਸ਼ਿਆਂ ਦੇ ਲੈਕਚਰਾਰਾਂ ਦੀ ਘਾਟ ਹੋਣ ਦੀ ਸਥਿਤੀ ਵਿੱਚ ਉਸ ਜ਼ਿਲੇ ਵਿੱਚ ਕੰਮ ਕਰਦੇ ਪੋਸਟ ਗ੍ਰੈਜੂਏਟ ਅਧਿਆਪਕ ਜਿਸਦਾ ਬਤੌਰ ਮਾਸਟਰ ਘੱਟ ਤੋਂ ਘੱਟ ਪੰਜ ਸਾਲ ਪੜ੍ਹਾਉਣ ਦਾ ਤਜ਼ਰਬਾ ਹੋਵੇ, ਲਗਾਇਆ ਜਾਵੇਗਾ।

3. ਬੋਰਡ ਦਫ਼ਤਰ ਵੱਲੋਂ ਫ਼ਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਦੇ ਪ੍ਰਸ਼ਨ ਪੱਤਰ ਡਾਊਨਲੋਡ ਕਰਨ / ਹੋਰ ਫੁਟਕਲ ਖਰਚ ਲਈ ਜਿਨ੍ਹਾਂ ਸਕੂਲਾਂ/ ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ 250 ਜਾਂ ਉਸ ਤੋਂ ਘੱਟ ਹੈ, ਉਨ੍ਹਾਂ ਨੂੰ 300/-ਰੁ. (ਉੱਕਾ ਪੁੱਕਾ) ਅਤੇ ਜਿਨ੍ਹਾਂ ਸਕੂਲਾਂ/ ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ 250 ਤੋਂ ਵੱਧ ਹੈ, ਉਨ੍ਹਾਂ ਨੂੰ 500/-ਰੁ. (ਉੱਕਾ ਪੁੱਕਾ) ਰਾਸ਼ੀ ਜਾਰੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇਹਨਾਂ ਵਿਸ਼ਿਆਂ ਦੇ ਬਾਹਰੀ ਪਰੀਖਿਅਕਾਂ ਨੂੰ ਵੀ 7/-ਰੁਪਏ ਪ੍ਰਤੀ ਪਰੀਖਿਆਰਥੀ ਮਿਹਨਤਾਨੇ ਦੀ ਅਦਾਇਗੀ ਕੀਤੀ ਜਾਵੇਗੀ।

Scanned with CamScanner

4. ਕੰਪਾਰਟਮੈਂਟ/ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ / ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਦੀ ਪ੍ਰਯੋਗੀ ਪਰੀਖਿਆ ਵੀ ਤਹਿਸੀਲ ਪੱਧਰ ਤੇ ਉਸ ਸੈਂਟਰ ਵਿਖੇ ਲੈ ਲਈ ਜਾਵੇ ਜਿੱਥੇ ਥਿਊਰੀ ਦੀ ਪ੍ਰੀਖਿਆ ਹੋਵੇਗੀ । ਪ੍ਰੀਖਿਅਕ ਵੱਲੋਂ ਪਰੀਖਿਆ ਖਤਮ ਹੋਣ ਤੇ ਉਸੇ ਦਿਨ ਅੰਕ ਸੂਚੀਆਂ ਬੋਰਡ ਦਫਤਰ ਦੀਆਂ ਹਦਾਇਤਾਂ ਅਨੁਸਾਰ ਆਨਲਾਈਨ ਅਪਲੋਡ ਕੀਤੀਆਂ ਜਾਣ।

5. ਦਫਤਰ ਵੱਲੋ ਪੂਰੀ ਕੋਸ਼ਿਸ ਕੀਤੀ ਗਈ ਹੈ ਕਿ ਪ੍ਰਯੋਗੀ ਪਰੀਖਿਆ ਲਈ ਕੇਂਦਰ ਉਹਨਾਂ ਸਕੂਲਾਂ ਵਿੱਚ ਹੀ ਸਥਾਪਤ ਕੀਤੇ ਜਾਣ, ਜਿਥੇ ਪ੍ਰਯੋਗੀ ਪਰੀਖਿਆ ਲਈ ਯੋਗ ਪ੍ਰਬੰਧ ਹਨ।ਪਰ ਕਿਸੇ ਪਰੀਖਿਆ ਕੇਂਦਰ ਵਿੱਚ ਇਸ ਸਬੰਧੀ ਕੋਈ ਵੀ ਪ੍ਰਬੰਧ ਨਾ ਹੋਵੇ ਤਾਂ ਅਜਿਹੀ ਸਥਿਤੀ ਵਿੱਚ ਕੇਂਦਰ ਕੰਟਰੋਲਰ/ਸਕੂਲ ਮੁੱਖੀ ਜ਼ਿਲ੍ਹਾ ਸਿੱਖਿਆ ਅਫਸਰ (ਸ.ਸ) ਨਾਲ ਸੰਪਰਕ ਕਰਕੇ ਯੋਗ/ਢੁੱਕਵਾ ਪ੍ਰਬੰਧ ਕਰਵਾਉਣਗੇ, ਤਾਂ ਜੋ ਕੋਈ ਵੀ ਪਰੀਖਿਆਰਥੀ ਆਪਣੇ ਕਿਸੇ ਵੀ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਜਾਵੇ।ਅਜਿਹੇ ਸਕੂਲ/ ਕੇਸਾਂ ਬਾਰੇ ਮੁੱਖ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ ਤਾਂ ਜੋ ਇਸ ਮੁਸ਼ਕਿਲ ਦਾ ਹੱਲ ਹੋ ਸਕੇ।

**ਜ਼ਰੂਰਤ ਪੈਣ ਤੇ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

1. ਉਪ ਸਕੱਤਰ(ਕਾਰਜ ਸੰਚਾਲਨ): 0172-5227324 2. ਸਹਾਇਕ ਸਕੱਤਰ (ਕਾਰਜ ਸੰਚਾਲਨ): 0172-5227334
3. ਸੁਪਰਡੰਟ (CS-2): 0172-5227303 / 94633-89199 4.ਸੁਪਰਡੰਟ (CS-3): 0172-5227340 / 8699520045
5. ਸੁਪਰਡੰਟ (CS-4): 0172-5227339 / 98143-40101 6.Technical Wing: 84279-50212

ਸੁਪਰਡੰਟ (CS-4): 0172-5227339 / 98143-40101 6.Technical Wing: 84279-50212

**ਪ੍ਰਯੋਗੀ ਪਰੀਖਿਆ ਸਬੰਧੀ ਹਸਤਾਖਰ ਚਾਰਟ ,ਰੋਲ ਨੰਬਰ ਅਤੇ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:-**

7. ਸਹਾਇਕ ਸਕੱਤਰ (ਬਾਰ੍ਹਵੀਂ) 0172-5227305,319 8 .ਸਹਾਇਕ ਸਕੱਤਰ(ਦਸਵੀਂ) 0172-5227284,290

<u>**ਈ-ਮੇਲ ਆਈ .ਡੀ**</u> **conductpseb@gmail.com**

23/12/2025

ਸਹਾਇਕ ਸਕੱਤਰ (ਕਾਰਜ਼ ਸੰਚਾਲਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner

**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**
**(ਕਾਰਜ਼ ਸੰਚਾਲਨ)**

ਨੰ:ਪਸਸਬ-ਸ.ਸ/ਕਸ-2025/2661/
ਮਿਤੀ: 24-12-2025

ਵੱਲ:

ਸਮੂਹ ਜਿਲ੍ਹਾ ਮੈਨੇਜਰ,ਖੇਤਰੀ ਦਫਤਰ,
ਪੰਜਾਬ ਸਕੂਲ ਸਿੱਖਿਆ ਬੋਰਡ।

**ਦਸਵੀਂ ਅਤੇ ਬਾਰਵੀਂ ਪਰੀਖਿਆਵਾਂ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ ਕੰਪਾਰਟਮੈਂਟ/ ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆਵਾਂ ਦੇ ਸੰਚਾਲਨ ਸਬੰਧੀ।**

........................................................................................................

**ਵਿਸ਼ੇ ਅਧੀਨ ਪ੍ਰਯੋਗੀ ਪਰੀਖਿਆਵਾਂ ਮਿਤੀ 02-02-2026 ਤੋਂ ਮਿਤੀ 12-02-2026 ਤੱਕ ਕਰਵਾਈਆਂ ਜਾ ਰਹੀਆਂ ਹਨ। ਪਰੀਖਿਆਵਾਂ ਦਾ ਸੰਚਾਨਲ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ:-**

**(ੳ) ਦਸਵੀਂ ਸ਼੍ਰੇਣੀ ਲਈ :-**

ਦਸਵੀਂ ਸ਼੍ਰੇਣੀ ਲਈ ਪਰੀਖਿਆ ਸੈਲਫ ਪਰੀਖਿਆ ਕੇਂਦਰਾਂ ਵਿੱਚ ਕਰਵਾਈ ਜਾਣੀ ਹੈ। ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਪਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗੁਰੱਪ ਬਣਾ ਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇਗੀ।

**(ਅ) ਬਾਰ੍ਹਵੀਂ ਸ਼੍ਰੇਣੀ ਲਈ :-**

1. ਬੋਰਡ ਦਫਤਰ ਵੱਲੋਂ ਫਿਜਿਕਸ , ਕਮਿਸਟਰੀ, ਬਾਇਉਲੋਜੀ, ਅਕਾਊਂਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਲਈ ਪ੍ਰਸ਼ਨ ਪੱਤਰ ਆਨ ਲਾਈਨ ਵਿੱਧੀ ਰਾਹੀਂ ਡੇਟ ਸ਼ੀਟ ਵਿੱਚ ਦਰਜ ਮਿਤੀਆਂ ਅਨੁਸਾਰ ਭੇਜੇ ਜਾ ਰਹੇ ਹਨ। ਇਹਨਾਂ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਲਈ ਸਕੂਲਾਂ ਦੇ ਪੁਰਾਣੇ ਸਟਾਕ ਨੂੰ ਵੇਖਦੇ ਹੋਏ ਪਰੀਖਿਆਰਥੀਆਂ ਦੀ ਗਿਣਤੀ ਅਨੁਸਾਰ ਹੀ ਸਕੂਲ ਪ੍ਰਿੰਸੀਪਲ ਨੂੰ ਉੱਤਰ ਪੱਤਰੀਆਂ ਮੁਹੱਈਆਂ ਕਰਵਾਈਆਂ ਜਾਣ।

2. ਪ੍ਰਯੋਗੀ ਪਰੀਖਿਆ ਦੇ ਹਸਤਾਖਰ ਚਾਰਟ ਮਿਤੀ 16-02-2026 ਤੱਕ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣਗੇ। ਇਹ ਹਸਤਾਖਰ ਚਾਰਟ ਮਿਤੀ 20-02-2026 ਤੱਕ ਮੁੱਖ ਦਫਤਰ ਵਿਖੇ ਭੇਜੇ ਜਾਣ ।

3. ਬੋਰਡ ਦਫ਼ਤਰ ਵੱਲੋਂ ਫ਼ਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਊਂਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਦੇ ਪ੍ਰਸ਼ਨ ਪੱਤਰ ਡਾਊਨਲੋਡ ਕਰਨ / ਹੋਰ ਫੁਟਕਲ ਖਰਚ ਲਈ ਜਿਨ੍ਹਾਂ ਸਕੂਲਾਂ/ ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ 250 ਜਾਂ ਉਸ ਤੋਂ ਘੱਟ ਹੈ, ਉਨ੍ਹਾਂ ਨੂੰ 300/-ਰੁ. (ਉੱਕਾ ਪੁੱਕਾ) ਅਤੇ ਜਿਨ੍ਹਾਂ ਸਕੂਲਾਂ/ ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ 250 ਤੋਂ ਵੱਧ ਹੈ, ਉਨ੍ਹਾਂ ਨੂੰ 500/-ਰੁ. (ਉੱਕਾ ਪੁੱਕਾ) ਰਾਸ਼ੀ ਜਾਰੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇਹਨਾਂ ਵਿਸ਼ਿਆਂ ਦੇ ਬਾਹਰੀ ਪਰੀਖਿਅਕਾਂ ਨੂੰ ਵੀ 7/-ਰੁਪਏ ਪ੍ਰਤੀ ਪਰੀਖਿਆਰਥੀ ਮਿਹਨਤਾਨੇ ਦੀ ਅਦਾਇਗੀ ਕੀਤੀ ਜਾਵੇਗੀ।

Scanned with CamScanner

4. ਪ੍ਰਯੋਗੀ ਪਰੀਖਿਆ ਲਈ ਸਥਾਪਤ ਸਕੂਲਾਂ /ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਪ੍ਰਵਾਨਿਤ ਦਰਾਂ ਅਨੁਸਾਰ ਸਟੇਸ਼ਨਰੀ ਆਦਿ ਖਰਚੇ ਦੀ ਰਾਸ਼ੀ (ਪਰੀਖਿਆਵਾਂ ਖਤਮ ਹੋਣ ਤੋਂ ਬਾਅਦ) ਸਿੱਧੇ ਤੋਰ ਤੇ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਦੇ ਬੈਂਕ ਖਾਤੇ ਵਿੱਚ ਜਾਰੀ ਕੀਤੀ ਜਾਵੇਗੀ। ਜਿਸ ਉਪਰੰਤ ਸਕੂਲਾਂ ਵੱਲੋਂ ਇਸ ਰਾਸ਼ੀ ਦੀ ਵਰਤੋਂ ਦਾ ਸਬੰਧਤ ਜਿਲ੍ਹੇ ਦੇ ਖੇਤਰੀ ਦਫਤਰ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ। ਵਰਤੋਂ ਸਰਟੀਫਿਕੇਟ ਅਨੁਸਾਰ ਰਾਸ਼ੀ ਦਾ ਲੇਖਾ ਮਿਲਾਨ ਕਰਵਾਉਣ ਲਈ ਕੰਟੀਜੰਸੀ ਬਿੱਲ ਤਿਆਰ ਕਰਨ ਉਪਰੰਤ ਮਿਸਲ ਸਬੰਧਤ ਜਿਲ੍ਹਾ ਖੇਤਰੀ ਦਫਤਰ ਰਾਹੀਂ ਮੁੱਖ ਦਫਤਰ ਭੇਜੀ ਜਾਵੇਗੀ।

**ਜ਼ਰੂਰਤ ਪੈਣ ਤੇ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

1. ਉਪ ਸਕੱਤਰ (ਕਾਰਜ ਸੰਚਾਲਨ): 0172-5227324
2. ਸਹਾਇਕ ਸਕੱਤਰ (ਕਾਰਜ ਸੰਚਾਲਨ): 0172-5227334
3. ਸੁਪਰਡੰਟ (CS-2): 0172-5227303 / 94633-89199
4. ਸੁਪਰਡੰਟ (CS-3): 0172-5227340 / 8699520045
5. ਸੁਪਰਡੰਟ (CS-4): 0172-5227339 / 98143-40101
6. Technical Wing: 84279-50212

**ਪ੍ਰਯੋਗੀ ਪਰੀਖਿਆ ਸਬੰਧੀ ਹਸਤਾਖਰ ਚਾਰਟ ,ਰੋਲ ਨੰਬਰ ਅਤੇ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

7. ਸਹਾਇਕ ਸਕੱਤਰ (ਬਾਰ੍ਹਵੀਂ) 0172-5227305,319
8. ਸਹਾਇਕ ਸਕੱਤਰ(ਦਸਵੀਂ) 0172-5227284,290

**<u>ਈ-ਮੇਲ ਆਈ .ਡੀ</u> conductpseb@gmail.com**

23/12/25

ਸਹਾਇਕ ਸਕੱਤਰ (ਕਾਰਜ਼ ਸੰਚਾਲਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner